# ਪੰਜਾਬ ਸਕੂਲ ਸਿੱਖਿਆ ਬੋਰਡ

***ਰੀਵੈਲੂਏਸ਼ਨ ਨਾਲ ਸਬੰਧਤ ਨਿਯਮ ਅਤੇ ਹਦਾਇਤਾਂ***

ਉੱਤਰ-ਪੱਤਰੀਆਂ ਦੀ ਰੀਵੈਲੂਏਸ਼ਨ ਨਾਲ ਸਬੰਧਤ ਨਿਯਮ ਅਤੇ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

1. ਰੀਵੈਲੂਏਸ਼ਨ ਕੇਵਲ ਲਿਖਤੀ ਪੇਪਰਾਂ (Theory Papers) ਦੀ ਹੋਵੇਗੀ ਅਤੇ ਪ੍ਰਯੋਗੀ ਪੇਪਰਾਂ (Practical Papers) ਦੀ ਰੀਵੈਲੂਏਸ਼ਨ ਨਹੀਂ ਹੋਵੇਗੀ।

2. ਬੋਰਡ ਵੱਲੋਂ ਨਤੀਜਾ ਘੋਸ਼ਿਤ ਕੀਤੇ ਜਾਣ ਤੋਂ ਬਾਅਦ, ਰੀਵੈਲੂਏਸ਼ਨ/ਮੁੜ ਮੁਲਾਂਕਣ ਦਾ ਫਾਰਮ ਆਨਲਾਈਨ ਭਰਿਆ ਜਾਵੇ। ਚਲਾਨ ਦਾ ਪ੍ਰਿੰਟ ਲੈਣ ਉਪਰੰਤ ਬੈਂਕ ਵਿੱਚ ਫੀਸ ਚਲਾਨ ਰਾਹੀਂ ਜਮ੍ਹਾਂ ਕਰਵਾਉਣ ਤੋਂ ਬਾਅਦ, ਆਨ-ਲਾਈਨ ਭਰੇ ਫਾਰਮ ਦਾ ਪ੍ਰਿੰਟ ਲੈਣ ਅਤੇ ਹੱਥ ਲਿਖਤ ਅਤੇ ਹਸਤਾਖਰਾਂ ਦੇ ਨਮੂਨੇ ਵਾਲਾ ਕਾਲਮਾਂ ਨੂੰ ਭਰਨ ਉਪਰੰਤ ਅਸਲ ਫਾਰਮ(ਸਮੇਤ ਚਲਾਨ ਦੀ ਇੱਕ ਪਰਤ) ਖੇਤਰੀ ਦਫਤਰ ਜਾਂ ਮੁੱਖ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ ਵਿਖੇ ਜਮ੍ਹਾਂ ਕਰਵਾਏ ਜਾਣ। ਜਾਰੀ ਕੀਤੇ ਸ਼ਡਿਊਲ ਵਿੱਚ ਦਰਜ ਮਿਤੀਆਂ ਤੋਂ ਬਾਅਦ ਕੋਈ ਵੀ ਫਾਰਮ ਸਵਿਕਾਰ ਨਹੀਂ ਕੀਤਾ ਜਾਵੇਗਾ।

3. ਨਿਰਧਾਰਿਤ ਕੀਤੀ ਰੀਵੈਲੂਏਸ਼ਨ ਦੀ ਫੀਸ ਤੋਂ ਬਿਨ੍ਹਾਂ ਅਧੂਰੇ ਫਾਰਮਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਭਾਵ ਅਜਿਹੇ ਫਾਰਮ ਬਿਨ੍ਹਾਂ ਕਿਸੇ ਅਗੇਤੀ ਸੂਚਨਾ ਤੋਂ ਰੱਦ ਕੀਤੇ ਜਾਣਗੇ। **ਰੀਵੈਲੂਏਸ਼ਨ ਦੀ ਜਮ੍ਹਾਂ ਕਰਵਾਈ ਫੀਸ ਕਿਸੇ ਵੀ ਸੂਰਤ ਵਿੱਚ ਵਾਪਿਸ/ਐਡਜਸਟਮੈਂਟ (Refund/Adjustment) ਨਹੀਂ ਹੋਵੇਗੀ।**

| | |
|---|---|
| ਰੀਵੈਲੂਏਸ਼ਨ ਫੀਸ | 1000/-ਰੁ: ਪ੍ਰਤੀ ਉੱਤਰ ਪੱਤਰੀ |
| ਉੱਤਰ ਪੱਤਰੀ ਵੇਖਣ/ਫੋਟੋਕਾਪੀ ਦਸਤੀ ਪ੍ਰਾਪਤ ਕਰਨ ਦੀ ਪ੍ਰੋਸੈਸਿੰਗ ਫੀਸ | 600/- ਰੁ: ਪ੍ਰਤੀ ਉੱਤਰ ਪੱਤਰੀ |

4. ਇਸ ਬਿਨੈ-ਪੱਤਰ ਨਾਲ ਅਸਲ ਨਤੀਜਾ ਕਾਰਡ ਨਾ ਭੇਜਿਆ ਜਾਵੇ। ਅਸਲ ਨਤੀਜਾ ਕਾਰਡ ਦਫਤਰ ਵੱਲੋਂ ਮੰਗ ਕਰਨ ਤੇ ਹੀ ਭੇਜਿਆ ਜਾਵੇ।

5. ਰੀਵੈਲੂਏਸ਼ਨ ਲਈ ਫਾਰਮ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ ਤੋਂ ਬਾਅਦ ਲਗਭਗ 30 ਦਿਨਾਂ ਤੱਕ ਰੀਵੈਲੂਏਸ਼ਨ ਦਾ ਨਤੀਜਾ ਬੋਰਡ ਦੀ ਵੈੱਬ-ਸਾਈਟ www.pseb.ac.in ਤੇ ਅਪਲੋਡ ਕੀਤਾ ਜਾਵੇਗਾ।

6. ਇਸ ਗੱਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਕਿ ਚਲਾਨ ਜਨਰੇਟ ਹੋਣ ਉਪਰੰਤ ਨਾਲ ਦੀ ਨਾਲ ਹੀ ਰੀਵੈਲੂਏਸ਼ਨ ਦਾ ਫਾਰਮ ਪ੍ਰਿੰਟ ਨਿਕਲ ਜਾਵੇਗਾ। ਚਲਾਨ ਦੀ ਅੰਤਿਮ ਮਿਤੀ(Valid Date) ਉਹ ਰਹੇਗੀ ਜੋ ਚਲਾਨ ਉੱਪਰ ਦਰਜ ਹੈ, ਚਲਾਨ ਦੀ ਅੰਤਿਮ ਮਿਤੀ(Valid Date) ਖਤਮ ਹੋਣ ਦੀ ਸੂਰਤ ਵਿੱਚ ਸ਼ਡਿਊਲ ਵਿੱਚ ਦਰਜ ਆਖਿਰੀ ਮਿਤੀ ਤੋਂ ਪਹਿਲਾਂ-ਪਹਿਲਾਂ, ਚਲਾਨ ਦੁਬਾਰਾ ਨਵੀ ਮਿਤੀ ਨਾਲ ਰੀ-ਜਨਰੇਟ(Re-generate) ਕਰਨਾ ਹੋਵੇਗਾ।

7. **ਮੁੜ ਮੁਲਾਂਕਣ ਕੀਤੀਆਂ ਉੱਤਰ-ਪੱਤਰੀਆਂ ਦੇ ਨਤੀਜੇ ਵਿੱਚ ਸੋਧ ਕੀਤੀ ਜਾਵੇਗੀ ਭਾਵ ਜੇ ਅੰਕ ਵੱਧ ਜਾਂਦੇ ਹਨ ਤਾਂ ਵੱਧ ਅੰਕਾਂ ਅਨੁਸਾਰ ਜੇ ਅੰਕ ਘੱਟ ਜਾਂਦੇ ਹਨ ਤਾਂ ਘੱਟ ਅੰਕਾਂ ਅਨੁਸਾਰ ਨਤੀਜਾ ਸੋਧਿਆ ਜਾਵੇਗਾ। ਰੀ-ਵੈਲੂਏਸ਼ਨ(ਮੁੜ-ਮੁਲਾਂਕਣ) ਉਪਰੰਤ ਘੋਸ਼ਿਤ ਨਤੀਜਾ, ਅੰਤਿਮ ਨਤੀਜਾ ਹੋਵੇਗਾ।**

8. **ਜੇਕਰ ਪ੍ਰੀਖਿਆਰਥੀ ਦੇ ਲਿਖਤੀ ਪ੍ਰੀਖਿਆ ਵਿੱਚ 5% ਤੋਂ ਵੱਧ ਅੰਕਾਂ ਦੀ ਤਬਦੀਲੀ ਹੁੰਦੀ ਹੈ ਤਾਂ ਕੇਸ ਤੀਜੇ ਪ੍ਰੀਖਿਅਕ ਕੋਲ ਭੇਜਿਆ ਜਾਵੇਗਾ ਅਤੇ ਦੂਸਰੇ ਅਤੇ ਤੀਸਰੇ ਪ੍ਰੀਖਿਅਕ ਵਲੋਂ ਦਿੱਤੇ ਗਏ ਅੰਕਾਂ ਦੀ ਔਸਤ ਅਨੁਸਾਰ ਨਤੀਜਾ ਜੋ ਵੀ ਬਣੇ, ਉਸੇ ਤਰ੍ਹਾਂ ਐਲਾਨ ਕਰ ਦਿੱਤਾ ਜਾਵੇ।**

9. **ਪ੍ਰੀਖਿਆਰਥੀ ਕੋਲ ਨਤੀਜੇ ਨੂੰ ਚੈਲੰਜ ਕਰਨ ਦਾ ਕੋਈ ਅਧਿਕਾਰ ਨਹੀਂ ਹੋਵੇਗਾ।**

10. ਜੇਕਰ ਰੀਵੈਲੂਏਸ਼ਨ ਉਪਰੰਤ ਉਤਰ-ਪੱਤਰੀ ਦੀ ਫੋਟੋਕਾਪੀ ਲੈਣੀ ਹੈ ਤਾਂ ਵਾਧੂ ਹੋਰ ਸਮਾਂ ਨਹੀਂ ਦਿੱਤਾ ਜਾਵੇਗਾ ਅਤੇ ਪਹਿਲਾਂ ਦਿੱਤੇ ਨਿਰਧਾਰਿਤ ਮਿਤੀਆਂ/ਸ਼ਡਿਊਲ ਅਨੁਸਾਰ ਹੀ ਅਪਲਾਈ ਕਰਨਾ ਪਵੇਗਾ।

11. ਰੀਵੈਲੂਏਸ਼ਨ ਦੇ ਨਤੀਜੇ ਦੀ ਜਾਣਕਾਰੀ ਆਨਲਾਈਨ ਬੋਰਡ ਦੀ ਵੈੱਬਸਾਈਟ ਤੇ ਦਿੱਤੀ ਜਾਵੇਗੀ। ਜੇਕਰ ਸੋਧ ਹੁੰਦੀ ਹੈ ਤਾਂ ਇਸ ਸਬੰਧੀ ਅਗਲੇਰੀ ਕਾਰਵਾਈ ਬੋਰਡ ਦੀ ਪ੍ਰੀਖਿਆ ਸ਼ਾਖਾ ਵੱਲੋਂ ਕਰਵਾਈ ਜਾਵੇਗੀ ਅਤੇ ਪ੍ਰੀਖਿਆਰਥੀ ਨੂੰ ਸਬੰਧਤ ਪ੍ਰੀਖਿਆ ਸ਼ਾਖਾ ਨਾਲ ਸੰਪਰਕ ਕਰਦੇ ਹੋਏ ਆਪਣਾ ਪੁਰਾਣਾ ਨਤੀਜਾ ਕਾਰਡ/ਸਰਟੀਫਿਕੇਟ ਜਮ੍ਹਾਂ ਕਰਵਾ ਕੇ ਨਵਾਂ ਕਾਰਡ/ਸਰਟੀਫਿਕੇਟ ਪ੍ਰਾਪਤ ਕਰਨਾ ਪਵੇਗਾ।

12. ਅੰਕਾਂ ਦੇ ਘੱਟ ਹੋਣ ਦੀ ਸੂਰਤ ਵਿੱਚ ਜੇਕਰ ਨਤੀਜੇ ਵਿੱਚ ਬਦਲਾਵ ਹੁੰਦਾ ਹੈ ਤਾਂ ਪੁਰਾਣਾ ਨਤੀਜਾ ਕਾਰਡ/ਸਰਟੀਫਿਕੇਟ ਦਫਤਰ ਨੂੰ ਜਮ੍ਹਾਂ ਕਰਵਾਉਣਾ ਪ੍ਰੀਖਿਆਰਥੀ ਦੀ ਜ਼ਿੰਮੇਵਾਰੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ, ਉਸਨੂੰ ਨਵਾਂ ਕਾਰਡ/ਸਰਟੀਫਿਕੇਟ ਜਾਰੀ ਨਹੀਂ ਕੀਤਾ ਜਾਵੇਗਾ ਅਤੇ ਉਸਦਾ ਪੁਰਾਣਾ ਕਾਰਡ/ਸਰਟੀਫਿਕੇਟ ਵੀ ਬੋਰਡ ਵੱਲੋਂ ਰੱਦ ਕਰਾਰ ਕਰ ਦਿੱਤਾ ਜਾਵੇਗਾ।

**ਵਿਸ਼ੇਸ਼ ਨੋਟ**: ਇਹ ਫਾਰਮ ਡਾਕ ਰਾਹੀਂ ਮੁੱਖ ਦਫਤਰ ਨਾ ਭੇਜਿਆ ਜਾਵੇ ਇਸ ਫਾਰਮ ਨੂੰ ਕੇਵਲ ਖੇਤਰੀ ਦਫਤਰ ਜਾਂ ਮੁੱਖ ਦਫਤਰ ਵਿਖੇ ਦਸਤੀ ਹੀ ਜਮ੍ਹਾ ਕਰਵਾਇਆ ਜਾਵੇ ਜੀ। ਡਾਕ ਰਾਹੀਂ ਪ੍ਰਾਪਤ ਫਾਰਮ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

◎ ਮੈਂ ਸਹਿਮਤ ਹਾਂ (I Agree) ◎ ਮੈਂ ਸਹਿਮਤ ਨਹੀਂ ਹਾਂ (I do not Agree)